HER MAJESTY'S COURTS SERVICE
hmcs

Punjabi

FL702

ਜ਼ਬਰੀ ਵਿਆਹ ਤੋਂ ਬਚਾਉਣ ਲਈ ਆਰਡਰ -
ਇਹ ਮੇਰਾ ਬਚਾਓ ਕਿਵੇਂ ਕਰ ਸਕਦੇ ਹਨ?

# ਜ਼ਬਰੀ ਵਿਆਹ ਤੋਂ ਬਚਾਉਣ ਲਈ ਆਰਡਰ -

## ਇਹ ਮੇਰਾ ਬਚਾਓ ਕਿਵੇਂ ਕਰ ਸਕਦੇ ਹਨ?

ਜ਼ਬਰੀ ਵਿਆਹ ਤੋਂ ਬਚਾਉਣ ਲਈ ਆਰਡਰ (ਫ਼ੋਰਸਡ ਮੈਰਿਜ ਪ੍ਰੋਟੈਕਸ਼ਨ ਆਰਡਰ) ਤੁਹਾਡਾ ਬਚਾਓ ਕਰ ਸਕਦਾ ਹੈ – ਜੇ ਤੁਹਾਡਾ ਜ਼ਬਰੀ ਵਿਆਹ ਕੀਤਾ ਜਾ ਰਿਹਾ ਹੈ ਜਾਂ ਜੇ ਤੁਹਾਡਾ ਜ਼ਬਰੀ ਵਿਆਹ ਹੋ ਗਿਆ ਹੈ।

www.hmcourts-service.gov.uk

## ਜ਼ਬਰੀ ਵਿਆਹ ਕੀ ਹੈ?

ਜ਼ਬਰੀ ਵਿਆਹ ਉਹ ਹੁੰਦਾ ਹੈ ਜੋ ਦੋਹਾਂ ਧਿਰਾਂ ਦੀ ਮੁਕੰਮਲ ਰਜ਼ਾਮੰਦੀ ਲਏ ਬਿਨਾਂ ਕੀਤਾ ਜਾਂਦਾ ਹੈ। ਇਸ ਜ਼ਬਰਦਸਤੀ ਵਿਚ ਸਰੀਰਕ ਜ਼ਬਰਦਸਤੀ ਵੀ ਸ਼ਾਮਿਲ ਹੋ ਸਕਦੀ ਹੈ, ਅਤੇ ਜਜ਼ਬਾਤੀ ਦਬਾਓ ਪਾਉਣਾ ਵੀ, ਅਤੇ ਧਮਕੀਆਂ ਦੇਣਾ ਜਾਂ ਮਾਨਸਿਕ ਬਦਸਲੂਕੀ ਦਾ ਸ਼ਿਕਾਰ ਬਣਾਉਣਾ ਵੀ। ਕਰਵਾਇਆ ਗਿਆ ਵਿਆਹ (ਅਰੇਂਜਡ ਮੈਰਿਜ) ਜ਼ਬਰੀ ਵਿਆਹ (ਫ਼ੋਰਸਡ ਮੈਰਿਜ) ਤੋਂ ਵੱਖਰੀ ਕਿਸਮ ਦਾ ਹੁੰਦਾ ਹੈ। ਕਰਵਾਏ ਗਏ ਵਿਆਹ ਵਿਚ ਵਿਆਹੁਤਾ ਸਾਥੀ ਅਤੇ ਸਾਥਣ ਚੁਣਨ ਦੇ ਕੰਮ ਵਿਚ ਉਹਨਾਂ ਦੇ ਪਰਿਵਾਰ ਵਾਲੇ ਪਹਿਲ ਕਰਦੇ ਹਨ, ਪਰ ਜੋੜੇ ਦੀ ਮਰਜ਼ੀ ਸੁਤੰਤਰ ਹੁੰਦੀ ਹੈ ਕਿ ਉਹ ਇਸ ਪ੍ਰਬੰਧ ਨੂੰ ਮੰਨਣ ਜਾਂ ਨਾ ਮੰਨਣ।

## ਜ਼ਬਰੀ ਵਿਆਹ ਤੋਂ ਬਚਾਉਣ ਵਾਲਾ ਆਰਡਰ ਮੇਰੀ ਮਦਦ ਕਿਵੇਂ ਕਰ ਸਕਦਾ ਹੈ?

ਜ਼ਬਰੀ ਵਿਆਹ ਤੋਂ ਬਚਾਉਣ ਲਈ ਆਰਡਰ ਤੁਹਾਡੀ ਮਦਦ ਕਰ ਸਕਦਾ ਹੈ, ਜੇ:

- ਤੁਹਾਡਾ ਜ਼ਬਰੀ ਵਿਆਹ ਕੀਤਾ ਜਾ ਰਿਹਾ ਹੈ; ਜਾਂ
- ਜੇ ਤੁਹਾਡਾ ਜ਼ਬਰੀ ਵਿਆਹ ਪਹਿਲਾਂ ਹੀ ਹੋ ਚੁੱਕਿਆ ਹੈ।

ਜ਼ਬਰੀ ਵਿਆਹ ਤੋਂ ਬਚਾਉਣ ਲਈ ਆਰਡਰ ਕਾਨੂੰਨੀ ਦਸਤਾਵੇਜ਼ ਹੁੰਦਾ ਹੈ, ਜਿਹਨੂੰ ਕੋਈ ਜੱਜ ਜਾਰੀ ਕਰਦਾ ਹੈ, ਅਤੇ ਜਿਹਦਾ ਮੰਤਵ ਤੁਹਾਡੇ ਨਿਜੀ ਹਾਲਾਤ ਦੇ ਅਨੁਸਾਰ ਤੁਹਾਡਾ ਬਚਾਓ ਕਰਨਾ ਹੈ। ਇਸ ਵਿਚ ਕਾਨੂੰਨੀ ਤੌਰ 'ਤੇ ਲਾਗੂ ਹੋਣ ਵਾਲੀਆਂ ਸ਼ਰਤਾਂ ਅਤੇ ਹਿਦਾਇਤਾਂ ਸ਼ਾਮਿਲ ਕੀਤੀਆਂ ਜਾਂਦੀਆਂ ਹਨ ਜਿਹਨਾਂ ਰਾਹੀਂ ਉਸ ਵਿਅਕਤੀ ਜਾਂ ਉਹਨਾਂ ਵਿਅਕਤੀਆਂ ਨੂੰ ਆਪਣਾ ਵਤੀਰਾ ਬਦਲਣ ਦਾ ਹੁਕਮ ਸੁਣਾਇਆ ਜਾਂਦਾ ਹੈ ਜੋ ਕਿਸੇ ਹੋਰ ਵਿਅਕਤੀ ਦਾ ਜ਼ਬਰੀ ਵਿਆਹ ਕਰਨ ਦੀ ਕੋਸ਼ਿਸ਼ ਕਰ ਰਹੇ ਹੋਣ।

ਇਸ ਆਰਡਰ ਦਾ ਮੰਤਵ ਉਸ ਵਿਅਕਤੀ ਦੀ ਹਿਫ਼ਾਜ਼ਤ ਕਰਨਾ ਹੈ ਜਿਹਦਾ ਜ਼ਬਰੀ ਵਿਆਹ ਕੀਤਾ ਗਿਆ ਹੈ ਜਾਂ ਕੀਤਾ ਜਾ ਰਿਹਾ ਹੈ। ਇਹ ਆਰਡਰ ਹੰਗਾਮੀ ਹਾਲਤ ਵਿਚ ਕਿਸੇ ਦੀ ਹਿਫ਼ਾਜ਼ਤ ਕਰਨ ਲਈ ਇਕਦਮ ਜਾਰੀ ਕੀਤੇ ਜਾ ਸਕਦੇ ਹਨ। ਅਦਾਲਤ ਦਾ ਹੁਕਮ ਨਾ ਮੰਨਣ ਵਾਲਿਆਂ ਨੂੰ ਗਰਿਫ਼ਤਾਰ ਕਰਕੇ ਅਦਾਲਤ ਵਿਚ ਪੇਸ਼ ਕੀਤਾ ਜਾ ਸਕਦਾ ਹੈ। ਜੇ ਅਦਾਲਤ ਇਹ ਮੰਨੇ ਕਿ ਉਹਨਾਂ ਨੇ ਅਦਾਲਤ ਦਾ ਹੁਕਮ ਨਹੀਂ ਮੰਨਿਆ, ਤਾਂ ਅਦਾਲਤ ਕੋਲ ਇਹ ਸ਼ਕਤੀ ਹੁੰਦੀ ਹੈ ਕਿ ਉਹ ਉਹਨਾਂ ਨੂੰ ਦੋ ਸਾਲਾਂ ਤਕ ਦੇ ਸਮੇਂ ਲਈ ਜੇਲ੍ਹ ਭੇਜ ਸਕੇ।

## ਕੀ ਇਸ ਆਰਡਰ ਨਾਲ ਮੇਰਾ ਵਿਆਹ ਖ਼ਤਮ ਹੋ ਜਾਏਗਾ?

ਨਹੀਂ – ਤੁਹਾਨੂੰ ਕਿਸੇ ਸੋਲਿਸਟਰ ਨਾਲ ਜਾਂ ਸਿਟੀਜ਼ਨਜ਼ ਐਡਵਾਈਸ ਬਿਊਰੋ ਤੋਂ ਸਲਾਹ ਲੈਣੀ ਚਾਹੀਦੀ ਹੈ ਅਤੇ ਜ਼ਬਰੀ ਵਿਆਹ ਨੂੰ ਖ਼ਤਮ ਕਰਵਾਉਣ ਲਈ ਵੱਖਰੇ ਕੋਰਟ ਆਰਡਰ ਲਈ ਅਰਜ਼ੀ ਦੇਣੀ ਚਾਹੀਦੀ ਹੈ।

## ਅਰਜ਼ੀ ਦੇਣ ਵਾਲੀ ਗੱਲ ਬਾਰੇ ਮੈਨੂੰ ਚਿੰਤਾ ਹੈ, ਅਦਾਲਤ ਮੇਰੀ ਮਦਦ ਕਰਨ ਲਈ ਕੀ ਕਰ ਸਕਦੀ ਹੈ?

ਅਦਾਲਤ ਨੂੰ ਮਿਲੀ ਜਾਣਕਾਰੀ ਨੂੰ ਅਦਾਲਤ ਦਾ ਸਟਾਫ਼ ਗੁਪਤ ਰੱਖੇਗਾ।

ਜੇ ਅਦਾਲਤ ਵਿਚ ਪੇਸ਼ ਹੋ ਕੇ ਬਿਆਨ ਦੇਣ ਬਾਰੇ ਤੁਹਾਨੂੰ ਚਿੰਤਾ ਹੈ, ਤਾਂ ਤੁਸੀਂ ਇਹ ਗੱਲ ਅਦਾਲਤ ਨੂੰ ਦੱਸ ਸਕਦੇ ਹੋ। ਅਦਾਲਤ ਕੋਲ ਸ਼ਕਤੀ ਹੁੰਦੀ ਹੈ ਕਿ ਉਹ ਉਹਨਾਂ ਗਵਾਹਾਂ ਦੀ ਹਿਫ਼ਾਜ਼ਤ ਕਰ ਸਕਦੇ ਜਿਹਨਾਂ ਨੂੰ ਖ਼ਤਰਾ ਹੋ ਸਕਦਾ ਹੈ ਜਾਂ ਜਿਹਨਾਂ ਨੂੰ ਡਰਾਇਆ ਧਮਕਾਇਆ ਜਾਂਦਾ ਹੈ, ਉਹ ਗਵਾਹਾਂ ਨੂੰ ਦੇਖੇ ਜਾਣੋਂ ਬਚਾਉਣ ਲਈ ਪਰਦੇ ਦੀ ਵਰਤੋਂ ਕਰ ਸਕਦੀ ਹੈ, ਗਵਾਹੀ ਵਿਡੀਓ 'ਤੇ ਰਿਕਾਰਡ ਕੀਤੀ ਜਾ ਸਕਦੀ ਹੈ ਅਤੇ ਟੀ ਵੀ ਲਿੰਕਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ, ਜਿਹਨਾਂ ਨਾਲ ਗਵਾਹ ਅਦਾਲਤ ਦੇ ਕਮਰੇ ਤੋਂ ਬਾਹਰ ਰਹਿ ਕੇ ਗਵਾਹੀ ਦੇ ਸਕਦੇ ਹਨ।

ਜੇ ਤੁਸੀਂ ਅੰਗਰੇਜ਼ੀ ਨਹੀਂ ਬੋਲ ਸਕਦੇ ਤਾਂ ਅਦਾਲਤ ਤੁਹਾਡੇ ਲਈ ਇੰਟਰਪ੍ਰੈਟਰ ਦਾ ਪ੍ਰਬੰਧ ਕਰ ਸਕਦੀ ਹੈ।

## ਕੀ ਮੈਨੂੰ ਕੋਈ ਫ਼ਾਰਮ ਭਰਨਾ ਪਾਏਗਾ?

ਹਾਂ। ਫ਼ਾਰਮ FL40 A 'Application for a Forced Marriage Protection Order' (ਜ਼ਬਰੀ ਵਿਆਹ ਤੋਂ ਬਚਾਓ ਬਾਰੇ ਅਰਜ਼ੀ ਦੇਣ ਲਈ ਫ਼ਾਰਮ) ਸਾਡੀ ਇਸ ਵੈੱਬਸਾਈਟ ਤੋਂ ਉਤਾਰਿਆ ਜਾ ਸਕਦਾ ਹੈ - www.hmcourts-service.gov.uk

## ਕੀ ਮੈਂ ਕਿਸੇ ਹੋਰ ਵਲੋਂ ਅਰਜ਼ੀ ਦੇ ਸਕਦਾ/ਸਕਦੀ ਹਾਂ?

ਹਾਂ, ਪਰ ਇਹਦੇ ਲਈ ਤੁਹਾਨੂੰ ਪਹਿਲਾਂ ਅਦਾਲਤ ਤੋਂ ਇਜਾਜ਼ਤ ਲੈਣੀ ਪਏਗੀ।

## ਕੀ ਅਰਜ਼ੀ ਦੇਣ ਲਈ ਕੋਈ ਫ਼ੀਸ ਦੇਣੀ ਪੈਂਦੀ ਹੈ?

ਤੁਹਾਨੂੰ ਅਦਾਲਤ ਦੀ ਫ਼ੀਸ ਦੇਣੀ ਪਏਗੀ, ਪਰ ਤਦ ਨਹੀਂ ਜੇ ਤੁਹਾਨੂੰ ਕੁਝ ਖ਼ਾਸ ਬੈਨੀਫ਼ਿਟ ਮਿਲਦੇ ਹਨ। ਜੇ ਤੁਸੀਂ ਇਹ ਸਾਬਤ ਕਰ ਸਕੋ ਕਿ ਅਦਾਲਤ ਦੀ ਫ਼ੀਸ ਦੇਣਾ ਤੁਹਾਡੇ ਲਈ ਬਹੁਤ ਮੁਸ਼ਕਿਲ ਹੋ ਸਕਦਾ ਹੈ, ਤਾਂ ਹੋ ਸਕਦਾ ਹੈ ਕਿ ਤੁਹਾਨੂੰ ਫ਼ੀਸ ਦਾ ਕੁਝ ਹਿੱਸਾ ਹੀ ਦੇਣਾ ਪਏ।

ਇਹਦੇ ਬਾਰੇ ਅਤੇ ਫ਼ੀਸ ਵਿਚ ਰਿਆਇਤ ਲੈਣ ਬਾਰੇ ਹੋਰ ਜਾਣਕਾਰੀ ਲੈਣ ਲਈ ਅਦਾਲਤ ਦੇ ਸਟਾਫ਼ ਤੋਂ ਕਿਤਾਬਚੇ **EX160A - Court Fees – Do I have to pay them?** (ਅਦਾਲਤ ਦੀ ਫ਼ੀਸ - ਕੀ ਇਹ ਤੁਹਾਨੂੰ ਦੇਣੀ ਪਏਗੀ?) ਦੀ ਕਾਪੀ ਮੰਗੋ, ਜਿਸ ਵਿਚ ਅਰਜ਼ੀ ਫ਼ਾਰਮ ਵੀ ਹੁੰਦਾ ਹੈ। ਇਹ ਕਿਸੇ ਵੀ ਕਾਊਂਟੀ ਕੋਰਟ ਦੇ ਦਫ਼ਤਰ ‘ਚੋਂ ਲਏ ਜਾ ਸਕਦੇ ਹਨ, ਜਾਂ ਪਰਚੇ ਦੀ ਕਾਪੀ ਇਸ ਵੈੱਬਸਾਈਟ ਤੋਂ ਵੀ ਉਤਾਰੀ ਜਾ ਸਕਦੀ ਹੈ - www.hmcourts-service.gov.uk

## ਕੀ ਲੀਗਲ ਏਡ (ਅਦਾਲਤੀ ਕੰਮਾਂ ਲਈ ਮਾਲੀ ਮਦਦ) ਮਿਲ ਸਕਦੀ ਹੈ?

ਤੁਸੀਂ ਜ਼ਬਰੀ ਵਿਆਹ ਤੋਂ ਬਚਾਓ ਆਰਡਰ ਲੈਣ ਲਈ ਅਰਜ਼ੀ ਦੇਣ ਦੇ ਕੰਮ ਲਈ ਲੀਗਲ ਏਡ ਮੰਗ ਸਕਦੇ ਹੋ। ਕੋਈ ਸੋਲਿਸਟਰ ਜਾਂ ਲਾਅ ਸੈਂਟਰ ਜਾਂ ਸਿਟੀਜ਼ਨਜ਼ ਐਡਵਾਈਸ ਬਿਊਰੋ ਵਾਲੇ ਤੁਹਾਨੂੰ ਸਲਾਹ ਦੇ ਸਕਦੇ ਹਨ ਕਿ ਕੀ ਇਹ ਕਾਰਵਾਈ ਕਰਨ ਲਈ ਤੁਹਾਡੇ ਕੋਲ ਕੋਈ ਜਾਇਜ਼ ਕਾਰਣ ਹੈ ਅਤੇ ਕੀ ਤੁਹਾਨੂੰ ਮਾਲੀ ਮਦਦ ਮਿਲ ਸਕਦੀ ਹੈ? ਹਰ ਅਰਜ਼ੀ ਨੂੰ ਵੱਖਰੇ ਤੌਰ ‘ਤੇ ਵਿਚਾਰਿਆ ਜਾਂਦਾ ਹੈ, ਅਤੇ ਤੁਹਾਡੇ ਮਾਲੀ ਸਾਧਨਾਂ ਦੇ ਅਤੇ ਤੁਹਾਡੇ ਕੇਸ ਦੀਆਂ ਖ਼ਾਸੀਅਤਾਂ ਦੇ ਕਾਨੂੰਨੀ ਟੈਸਟ ਕੀਤੇ ਜਾਂਦੇ ਹਨ। ਜੇ ਕੋਈ ਸੋਲਿਸਟਰ ਤੁਹਾਡੇ ਕੇਸ ਦੀ ਪੈਰਵੀ ਕਰਨਾ ਮੰਨ ਜਾਏ, ਤਾਂ ਉਹ ਮਾਲੀ ਮਦਦ ਲਈ ਤੁਹਾਡੇ ਵਲੋਂ ਅਰਜ਼ੀ ਦੇ ਸਕਦਾ/ਸਕਦੀ ਹੈ।

ਵਧੇਰੇ ਜਾਣਕਾਰੀ ਲੈਣ ਲਈ ਕਮਿਊਨਿਟੀ ਲੀਗਲ ਏਡ ਐਡਵਾਈਸ ਨਾਲ ਜਾਂ ਇਸ ਵੈੱਬਸਾਈਟ ‘ਤੇ ਸੰਪਰਕ ਕਰੋ www.communitylegaladvice.org.uk ਜਾਂ ਇਹਨਾਂ ਨੂੰ ਨੰਬਰ 0845 345 4 345 ‘ਤੇ ਫ਼ੋਨ ਕਰੋ (ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 9 ਵਜੇ ਤੋਂ ਰਾਤ 6.30 ਵਜੇ ਤਕ)।

## ਜ਼ਬਰੀ ਵਿਆਹ ਤੋਂ ਬਚਾਉਣ ਲਈ ਆਰਡਰ ਬਾਰੇ ਜੇ ਮੈਂ ਹੋਰ ਜਾਣਕਾਰੀ ਲੈਣੀ ਹੋਵੇ, ਤਾਂ ਇਹ ਮੈਨੂੰ ਕਿੱਥੋਂ ਮਿਲ ਸਕਦੀ ਹੈ?

ਹੋਰ ਜਾਣਕਾਰੀ ਤੁਹਾਨੂੰ ਕਿਸੇ ਵੀ ਕਾਊਂਟੀ ਕੋਰਟ ਤੋਂ ਜਾਂ ਇਸ ਵੈੱਬਸਾਈਟ ਤੋਂ ਮਿਲ ਸਕਦੀ ਹੈ - www.hmcourts-service.gov.uk

## ਜੇ ਮੈਂ ਇਸ ਆਰਡਰ ਲਈ ਅਰਜ਼ੀ ਨਾ ਦੇਣਾ ਚਾਹਾਂ, ਤਾਂ ਕੀ ਮੈਨੂੰ ਹੋਰ ਕੋਈ ਮਦਦ ਮਿਲ ਸਕਦੀ ਹੈ?

ਤੁਸੀਂ ਫ਼ੋਰਸਡ ਮੈਰਿਜ ਯੂਨਿਟ (ਐਫ਼ ਐਮ ਯੂ) ਨਾਲ ਉਹਨਾਂ ਦੀ ਗੁਪਤ ਹੈਲਪਲਾਈਨ **020 7008 0151** ‘ਤੇ ਗੱਲ ਕਰ ਸਕਦੇ ਹੋ। ਐਫ਼ ਐਮ ਯੂ ਨੂੰ ਫ਼ੌਰਿਨ ਐਂਡ ਕਾਮਨਵੈਲਥ ਆਫ਼ਿਸ / ਹੋਮ ਆਫ਼ਿਸ ਟੀਮ ਨੇ ਮਿਲ ਕੇ ਸਥਾਪਿਤ ਕੀਤਾ ਹੈ, ਜੋ ਉਹਨਾਂ ਲੋਕਾਂ ਨੂੰ ਮਦਦ ਅਤੇ ਜਾਣਕਾਰੀ ਦਿੰਦੀ ਹੈ ਜਿਹਨਾਂ ਦਾ ਜ਼ਬਰੀ ਵਿਆਹ ਕੀਤੇ ਜਾਣ ਦਾ ਖ਼ਤਰਾ ਹੈ ਜਾਂ ਜਿਹਨਾਂ ਦਾ ਪਹਿਲਾਂ ਹੀ ਜ਼ਬਰੀ ਵਿਆਹ ਕੀਤਾ ਜਾ ਚੁੱਕਿਆ ਹੈ। ਸਭ ਜਾਣਕਾਰੀ ਪੂਰੀ ਤਰ੍ਹਾਂ ਗੁਪਤ ਰੱਖੀ ਜਾਏਗੀ।

**FL702 (Punjabi)** - Forced Marriage Protection Orders -
How can they protect me? (11.08)

© Crown copyright 2008